

















ਮਨੁੱਖ ਦੇ ਦੁੱਖਾਂ ਦੀ ਸ਼ੁਰੂਆਤ।

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਉਤਪਤ 3-6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ :
Byron Unger; Lazarus

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : M. Maillot; Tammy S.

ਕਹਾਣੀ 2 ਤੋ 60

**M1914.org**

**Bible for Children, PO Box 3, Winnipeg MB  R3C 2G1  Canada**

ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੋਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੁੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।

ਪੰਜ਼ਾਬੀ

Punjabi







ਕੀ ਪਰਮੇਸ਼ਵਰ ਨੇ ਸੱਚ ਮੁੱਚ ਆਖਿਆ ਹੈ ਕਿ ਕਿਸੇ ਦਰਖਤ ਤੋ ਤੁਸੀ ਨਾ ਖਾਓ, ਸੱਪ ਨੇ ਹਵਾ ਨੂੰ ਪੁੱਛਿਆਂ। ਅਸੀ ਹਰ ਫ਼ਲ ਖਾ ਸਕਦੇ ਹਾਂ, ਪਰ ਇੱਕ ਨਹੀ, ਔਰਤ ਨੇ ਆਖਿਆ।ਜੇਕਰ ਅਸੀ ਉਸਨੂੰ ਖਾਵਾਂਗੇ ਜਾਂ ਉਸਨੂੰ ਛੂਹਾਗੇ ਤਾਂ ਅਸੀ ਮਰ ਜਾਵਾਂਗੇ। ਤੁਸੀ ਨਹੀ ਮਰੋਗੇ, ਸੱਪ ਨੇ ਮੁਰਖਤਾਂ ਵਾਲੀ ਮੁਸਕਰਾਹਟ ਦਿੱਤੀ।
3
ਤੁਸੀ ਪਰਮੇਸ਼ਵਰ ਵਾਂਗੂ ਹੋ ਜਾਓਗੇ। ਹਵਾ ਉਸ ਦਰਖਤ ਦੇ ਫਲ ਨੂੰ ਚਾਹੁੰਦੀ ਸੀ। ਉਸਨੇ ਸੱਪ ਦੀ ਗੱਲ ਨੂੰ ਸੁਨਿਆਂ ਅਤੇ ਫਲ ਨੂੰ ਖਾ ਲਿਆ।
4
ਪਰਮੇਸ਼ਵਰ ਦੀ ਆਗਿਆ ਦੀ ਉਲੰਘਣਾ ਕਰਨ ਤੋ ਬਾਅਦ ਉਸਨੇ ਆਦਮ ਨੂੰ ਪ੍ਰਭਾਵਿਤ ਕੀਤਾ, ਅਤੇ ਉਸਨੇ ਫਲ ਖਾਦਾ। ਆਦਮ ਉਸਨੂੰ ਕਹਿ ਸਕਦਾ ਸੀ, ਨਹੀ।ਮੈ ਪਰਮੇਸ਼ਵਰ ਦੀ ਆਗਿਆ ਦੀ ਉਲਘਣਾ ਨਹੀ ਕਰਾਂਗਾ।
5
ਜਦ ਆਦਮ ਅਤੇ ਹਵਾ ਨੇ ਪਾਪ ਕੀਤਾ ਤਾਂ ਉਹ ਦੋਵੇ ਜਾਣ ਗਏ ਕਿ ਉਹ ਨੰਗੇ ਹਨ।ਸੋ ਉਨ੍ਹਾਂ ਨੇ ਗੁੱਲਰ ਦੇ ਪੱਤੇ ਸਿਓ ਕੇ ਆਪਣੇ ਲਈ ਤਹਿਮਦ ਬਣਾਏ।
6
ਤਾਂ ਉਨ੍ਹਾਂ ਆਪਣੇ ਆਪ ਨੂੰ ਢਕਿਆਂ ਅਤੇ ਆਪਣੇ ਆਪ ਨੂੰ ਝਾੜੀਆਂ ਪਿੱਛੇ ਪਰਮੇਸ਼ਵਰ ਦੇ ਸਾਹਮਣੇਓ ਲੁਕਾਇਆ।
7
ਸ਼ਾਮ ਦੇ ਠੰਡੇ ਵੇਲੇ ਜਦ ਪਰਮੇਸ਼ਵਰ ਬਾਗ ਵਿੱਚ ਆਇਆ। ਉਹ ਜਾਣਦਾ ਸੀ ਕਿ ਆਦਮ ਅਤੇ ਹਵਾ ਨੇਕੀ ਕੀਤਾ ਹੈ। ਆਦਮ ਨੇ ਹਵਾ ਨੂੰ ਦੋਸ਼ੀ ਠਹਿਰਾਇਆ। ਹਵਾ ਨੇ ਸੱਪ ਨੂੰ ਦੋਸ਼ੀ ਠਹਿਰਾਇਆ।ਪਰਮੇਸ਼ਵਰ ਨੇ ਕਿਹਾ ਸੱਪ ਤੂੰ ਸ਼ਰਾਪਿਤ ਹੈ।
8
ਅਤੇ ਔਰਤ ਜਦ ਬੱਚੇ ਨੂੰ ਜਨਮ ਦੇਵੇਗੀ, ਤਦ ਉਸ ਨੂੰ ਪੀੜਾ ਹੋਵੇਗੀ। ਆਦਮ ਕਿਉਕਿ ਤੂੰ ਪਾਪ ਕੀਤਾ ਹੈ, ਧਰਤੀ ਸੋਕੇ ਅਤੇ ਕੰਡੇਦਾਰ ਝਾੜੀਆਂ ਨਾਲ ਸ਼ਰਾਪਿਤ ਹੈ। ਤੂੰ ਆਪਣੀ ਰੋਜ਼ ਦੀ ਰੋਟੀ ਲਈ ਸਖ਼ਤ ਮਿਹਨਤ ਕਰੇਗਾ ਅਤੇ ਆਪਣਾ ਪਸੀਨਾ ਬਹਾਵੇਗਾ।
9
ਪਰਮੇਸ਼ਵਰ ਨੇ ਆਦਮ ਅਤੇ ਹਵਾ ਨੂੰ ਖੂਬਸੂਰਤ ਬਾਗ ਵਿਚੋ ਕੱਢ ਦਿੱਤਾ। ਕਿਉਕਿ ਉਨ੍ਹਾਂ ਨੇ ਪਾਪ ਕੀਤਾ ਸੀ, ਅਤੇ ਜਿੰਦਗੀ ਦੇਣ ਵਾਲੇ ਪਰਮੇਸ਼ਵਰ ਤੋ ਅਲੱਗ ਹੋ ਗਏ ਸਨ।
10
ਪਰਮੇਸ਼ਵਰ ਨੇ ਉਨ੍ਹਾਂ ਉਸ ਤੋ ਦੂਰ ਰੱਖਣ ਲਈ ਇੱਕ ਖੰਡੇ ਦੀ ਲਸ਼ਕ ਨੂੰ ਰੱਖਿਆ। ਪਰਮੇਸ਼ਵਰ ਨੇ ਆਦਮ ਅਤੇ ਹਵਾ ਲਈ ਚਮੜੇ ਦੇ ਚੋਲੇ ਬਣਾਏ।ਪਰਮੇਸ਼ਵਰ ਨੇ ਉਹ ਚਮੜਾ ਕਿੱਥੋ ਲਿਆ।
11
ਉਸ ਸਮੇ ਦੇ ਦੋਰਾਨ ਆਦਮ ਅਤੇ ਹਵਾ ਦਾ ਪਰਿਵਾਰ ਅੱਗੇ ਵਧਿਆਂ। ਉਨ੍ਹਾਂ ਦਾ ਪਹਿਲਾਂ ਪੁੱਤਰ ਕਾਇਨ ਜੋ ਜਮੀਨ ਦਾ ਹਾਲੀ ਸੀ। ਉਨ੍ਹਾਂ ਦਾ ਦੂਸਰਾ ਹਾਬੇਲ ਜੋ ਇੱਜੜਾਂ ਦਾ ਅਯਾਲੀ ਸੀ।
12
ਇੱਕ ਦਿਨ ਕਾਇਨ ਪਰਮੇਸ਼ਵਰ ਲਈ ਜ਼ਮੀਨ ਦੇ ਫ਼ਲਾ ਵਿੱਚੋ ਤੋਹਫ਼ਾ ਲੈ ਕੇ ਆਇਆ, ਅਤੇ ਹਾਬੇਲ ਵੀ ਆਪਣੀਆਂ ਭੇਡਾਂ ਦੇ ਇੱਜੜ ਵਿੱਚੋ ਵਧੀਆਂ ਤੋਹਫ਼ਾ ਪਰਮੇਸ਼ਵਰ ਲਈ ਲੈ ਕੇ ਆਇਆ। ਪਰਮੇਸ਼ਵਰ ਹਾਬੇਲ ਦੇ ਤੋਹਫ਼ੇ ਤੋ ਪ੍ਰਸੰਨ ਹੋਇਆ।
13
ਪਰਮੇਸ਼ਵਰ ਕਾਇਨ ਦੇ ਤੋਹਫ਼ੇ ਤੋ ਪ੍ਰਸੰਨ ਨਹੀ ਸੀ। ਕਾਇਨ ਨੂੰ ਬਹੁਤ ਗੁੱਸਾ ਆਇਆ। ਪਰ ਪਰਮੇਸ਼ਵਰ ਨੇ ਕਿਹਾ, ਜ਼ੇਕਰ ਤੂੰ ਭਲਾ ਕਰਦਾ ਤਾਂ ਕਿ ਤੂੰ ਸਵੀਕਾਰ ਨਾ ਕੀਤਾ ਜਾਂਦਾ।
14
ਕਾਇਨ ਦਾ ਗੁੱਸਾ ਜਾਂਦਾ ਨਾ ਰਿਹਾ। ਕੁੱਝ ਸਮੇ ਬਾਅਦ ਖੇਤ ਵਿੱਚ ਉਸਨੇ ਹਾਬੇਲ ਤੇ ਹਮਲਾ ਕੀਤਾ ਅਤੇ ਉਸਨੂੰ ਮਾਰ ਦਿੱਤਾ !
15
ਤਾਂ ਪਰਮੇਸ਼ਵਰ ਨੇ ਕਾਇਨ ਨੂੰ ਆਖਿਆ ਤੇਰਾ ਭਰਾਂ ਹਾਬੇਲ ਕਿੱਥੇ ਹੈ ਕਾਇਨ ਨੇ ਝੂਠ ਬੋਲਿਆ ਮੈ ਨਹੀ ਜਾਣਦਾ। ਭਲਾ ਮੈ ਆਪਣੇ ਭਰਾਂ ਦਾ ਰਾਖਾ ਹਾਂ ! ਤਾਂ ਪਰਮ੍ਹੇਸ਼ਵਰ ਨੇ ਕਾਇਨ ਨੂੰ ਸਜਾ ਦਿੱਤੀ ਕਿ ਉਸਦੀ ਖੇਤੀ ਦੀ ਯੋਗਤਾ ਲੈ ਲਈ ਅਤੇ ਉਸਨੂੰ ਧਰਤੀ ਤੇ ਭਗੋੜਾ ਅਤੇ ਭੋਦੂ ਬਣਾ ਦਿੱਤਾ।
16
ਕਾਇਨ ਪਰਮੇਸ਼ਵਰ ਦੇ ਸਾਹਮਣੇਓ ਚਲਾ ਗਿਆ। ਉਸਨੇ ਆਦਮ ਅਤੇ ਹਵਾ ਦੀ ਪੁਤਰੀ ਨਾਲ ਵਿਆਹ ਕੀਤਾ। ਅਤੇ ਆਪਣੇ ਪਰਿਵਾਰ ਨੂੰ ਵਧਾਇਆ। ਜਲਦ ਹੀ ਕਾਇਨ ਦੇ ਪੋਤੇ ਪੋਤੀਆਂ ਉਨ੍ਹਾਂ ਦੇ ਪੋਤੇ ਪੋਤੀਆਂ ਨੇ ਸ਼ਹਿਰ ਨੂੰ ਭਰ ਦਿੱਤਾ।ਜਿਸਦੀ ਉਸਨੇ ਸਥਾਪਨਾ ਕੀਤੀ ਸੀ।
17
ਭਾਵ ਹੈ ਕਿ ਆਦਮ ਅਤੇ ਹਵਾ ਦੇ ਪਰਿਵਾਰ ਨੇ ਬਹੁਤ ਜਲਦੀ ਵਿਕਾਸ ਕੀਤਾ।ਉਨ੍ਹਾਂ ਦਿਨਾਂ ਵਿੱਚ ਲੋਕ ਅੱਜ ਨਾਲੋ ਲੰਮੀ ਜਿੰਗਦੀ ਜਿਊਦੇ ਸੀ।
18